# ਬੱਲੇ ਬੱਲੇ

ਬੱਲੇ ਬੱਲੇ

ੳ ਬੱਲੇ ਬੱਲੇ / ੳ ਛਾਵਾ ਛਾਵਾ,
ਬਈ ਨਾਲੇ ਬਾਬਾ, ਗਊਆਂ ਚਾਰਦਾ ॥
ਤੇ ਨਾਲੇ, ਮੋਰਾਂ ਨੂੰ, ਅਵਾਜ਼ਾਂ ਮਾਰੇ,
ਨਾਲੇ ਬਾਬਾ, ਗਊਆਂ ਚਾਰਦਾ ॥

ੳ ਬੱਲੇ ਬੱਲੇ / ੳ ਛਾਵਾ ਛਾਵਾ,
ਬਈ ਰਤਨੋ ਦੇ, ਲਾਡਲਿਆ ।
ੳ ਕਿਤੇ, ਮਿਲ ਜਾਏ ਤਾਂ, ਹਾਲ ਸੁਣਾਵਾਂ,
ਰਤਨੋ ਦੇ, ਲਾਡਲਿਆ ॥

ੳ ਬੱਲੇ ਬੱਲੇ / ੳ ਛਾਵਾ ਛਾਵਾ,
ਬਈ ਆਵਾਂ ਜਾਵਾਂ, ਤੇਰੇ ਕਰਕੇ ॥
ਮੇਰਾ, ਕੰਮ ਨਾ, ਤਲਾਈਆਂ ਵਿੱਚ ਕੋਈ,
ਆਵਾਂ ਜਾਵਾਂ, ਤੇਰੇ ਕਰਕੇ ॥

ੳ ਬੱਲੇ ਬੱਲੇ / ਛਾਵਾ ਛਾਵਾ,
ਬਈ ਦਰਸ਼, ਦਿਖਾ ਦੇ ਆਣ ਕੇ ॥
ੳ ਨਿਗਾਹ, ਘਟ ਗਈ, ਅੱਖਾਂ ਦੀ ਮੇਰੀ
ਦਰਸ਼, ਦਿਖਾ ਜਾ ਆਣ ਕੇ ॥

ੳ ਬੱਲੇ ਬੱਲੇ / ੳ ਛਾਵਾ ਛਾਵਾ,
ਬਈ ਧਰਤੀ ਨੂੰ, ਭਾਗ ਲੱਗ ਗਏ ॥
ੳ ਜਿੱਥੇ, ਬਹਿ ਗਿਆ, ਮਾਂ ਰਤਨੋ ਦਾ ਜੋਗੀ,
ਧਰਤੀ ਨੂੰ, ਭਾਗ ਲੱਗ ਗਏ ॥

ੳ ਬੱਲੇ ਬੱਲੇ / ੳ ਛਾਵਾ ਛਾਵਾ,
ਬਈ ਰਾਤਾਂ ਨੂੰ ਨਾ, ਨੀਂਦਾਂ ਆਉਂਦੀਆਂ ॥
ੳ ਜੋਗੀ, ਆ ਕੇ, ਕਿਤੇ ਨਾ ਮੁੜ ਜਾਵੇ,
ਰਾਤਾਂ ਨੂੰ ਨਾ, ਨੀਂਦਾਂ ਆਉਂਦੀਆਂ ॥

ੳ ਬੱਲੇ ਬੱਲੇ / ੳ ਛਾਵਾ ਛਾਵਾ,
ਬਈ, ਸਿੱਲੋਂ ਵਾਲਾ, ਭੇਟਾਂ ਬੋਲਦਾ ॥
ਸਾਰੀ, ਸੰਗਤ ਵਜਾਵੇ, ਤਾੜੀ,
ਸਿੱਲੋਂ ਵਾਲਾ, ਭੇਟਾਂ ਬੋਲਦਾ ॥
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33408/title/Balle-Balle

अपने Android मोबाइल पर BhajanGanga App डाउनलोड करें और भजनों का आनंद ले |